**ELECTION CELL**
Electoral Registration Officer,
AC- 093-BATHINDA RURAL(SC)
Phone/Fax No. 0164-5005429
Zila Parishad Complex Second floor -214
Email:: bathindarural093ac@gmail.com

No. ਚੋਣ/2025/ 32 Dated 13/1/25

ਸਮੂਹ ਸੁਪਰਵਾਈਜ਼ਰ,
093- ਬਠਿੰਡਾ ਦਿਹਾਤੀ।

ਵਿਸ਼ਾ: ਰਾਸ਼ਟਰੀ ਵੋਟਰ ਦਿਵਸ 25 ਜਨਵਰੀ 2025 ਨੂੰ ਮਨਾਉਣ ਸਬੰਧੀ।

ਹਵਾਲਾ: ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਦੇ ਦਫਤਰ ਦੇ ਪੱਤਰ ਨੰ. ਚੋਣ-2025/87-92 ਮਿਤੀ 09/01/2025 ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਭਾਰਤ ਚੋਣ ਕਮਿਸ਼ਨ ਜੀ ਵੱਲੋਂ ਲੋਕਤੰਤਰ ਪ੍ਰਣਾਲੀ ਵਿੱਚ ਵੋਟਰਾਂ ਦੀ ਭਾਗੀਦਾਰੀ ਵਧਾਉਣ ਲਈ ਹਰ ਸਾਲ ਦੀ 25 ਜਨਵਰੀ 2025 ਨੂੰ ਰਾਸ਼ਟਰੀ ਵੋਟਰ ਦਿਵਸ ਮਨਾਇਆ ਜਾ ਰਿਹਾ ਹੈ। ਇਸ ਮੌਕੇ ਤੇ ਆਪਣੇ ਸੈਕਟਰ ਅਧੀਨ ਆਉਂਦੇ ਸਮੂਹ ਬੀ.ਐਲ.ਓਜ਼ ਨੂੰ ਬੂਥਾਂ ਉਪਰ ਰਾਸ਼ਟਰੀ ਵੋਟਰ ਦਿਵਸ ਮਨਾਉਣ ਦੀ ਹਦਾਇਤ ਕੀਤੀ ਜਾਵੇ ਅਤੇ ਬੀ.ਐਲ.ਓਜ਼ ਦੇ ਸਬੰਧਤ ਬੂਥਾਂ ਦੇ ਵੋਟਰਾਂ ਦੀ ਚੋਣਾਂ ਵਿੱਚ ਭਾਗੀਦਾਰੀ ਯਕੀਨੀ ਬਣਾਉਣ ਲਈ ਵੋਟਰਾਂ ਵੱਲੋਂ ਵੋਟਰ ਪ੍ਰਣ ਲੈਣ ਲਈ ਪ੍ਰੇਰਿਤ ਕੀਤਾ ਜਾਵੇ, ਜਿਸ ਲਈ ਆਪ ਨੂੰ ਵੋਟਰ ਪ੍ਰਣ ਦੀ ਕਾਪੀ ਇਸ ਪੱਤਰ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ ਅਤੇ ਇਸ ਮੌਕੇ ਵੋਟਰਾਂ ਵੱਲੋਂ ਵੋਟਰ ਪ੍ਰਣ ਲੈਂਦਿਆਂ ਦੀਆਂ ਤਸਵੀਰਾਂ ਇਸ ਦਫਤਰ ਨਾਲ ਵੱਟਸਐਪ ਰਾਹੀਂ ਗਰੁੱਪ ਵਿੱਚ ਸਾਂਝੀਆਂ ਕੀਤੀਆਂ ਜਾਣ। ਸੋ ਇਸ ਸਬੰਧੀ ਆਪ ਵੱਲੋਂ ਮਿਤੀ 25.01.2025 ਨੂੰ ਆਪਣੇ ਸੈਕਟਰ ਅਧੀਨ ਆਉਂਦੇ ਬੀ.ਐਲ.ਓਜ਼ ਨੂੰ ਆਪਣੇ ਬੂਥਾਂ ਤੇ ਹਾਜ਼ਰ ਹੋਣ ਲਈ ਪਾਬੰਦ ਕੀਤਾ ਜਾਵੇ ਅਤੇ ਉਹਨਾਂ ਦੀ ਬੂਥਾਂ ਉਪਰ ਨਿੱਜੀ ਤੌਰ ਤੇ ਹਾਜ਼ਰੀ ਵਾਚੀ ਜਾਵੇ।

ਚੋਣਕਾਰ ਰਜਿਸਟ੍ਰੇਸ਼ਨ ਅਫਸਰ,
093- ਬਠਿੰਡਾ ਦਿਹਾਤੀ।

ਪਿੱਠ ਅੰਕਣ ਨੰ. ਚੋਣ-2025/ 33 ਮਿਤੀ 13/01/2025

ਉਪਰੋਕਤ ਦਾ ਉਤਾਰਾ:-

1. ਜਿਲ੍ਹਾ ਚੋਣ ਅਫਸਰ-ਕਮ- ਡਿਪਟੀ ਕਮਿਸ਼ਨਰ, ਬਠਿੰਡਾ ਜੀ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।
2. ਸਮੂਹ ਵਿਭਾਗਾਂ/ਸਕੂਲਾਂ ਦੇ ਮੁਖੀਆਂ, ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਕੰਮ ਕਰ ਰਹੇ ਅਧਿਕਾਰੀਆਂ/ਕਰਮਚਾਰੀਆਂ ਨੂੰ ਜੋ ਕਿ 093 ਬਠਿੰਡਾ ਦਿਹਾਤੀ ਵਿਖੇ ਬਤੌਰ ਸੁਪਰਵਾਈਜ਼ਰ/ ਬੀ.ਐਲ.ਓ ਡਿਊਟੀ ਨਿਭਾ ਰਹੇ ਹਨ, ਨੂੰ ਰਾਸ਼ਟਰੀ ਵੋਟਰ ਦਿਵਸ 25 ਜਨਵਰੀ 2025 ਨੂੰ ਦਫਤਰੀ ਡਿਊਟੀ ਤੋਂ ਛੋਟ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਬੂਥਾਂ ਤੇ ਹਾਜਰ ਹੋਣ ਲਈ ਪਾਬੰਦ ਕੀਤਾ ਜਾਵੇ।
3. ਜ਼ਿਲ੍ਹਾ ਸਿੱਖਿਆ ਅਫਸਰ, ਬਠਿੰਡਾ (ਪ੍ਰਾਇਮਰੀ/ ਸੈਕੰਡਰੀ) ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਕੰਮ ਕਰ ਰਹੇ ਕਰਮਚਾਰੀਆਂ ਨੂੰ ਜੋ ਕਿ 093 ਬਠਿੰਡਾ ਦਿਹਾਤੀ ਵਿਖੇ ਬਤੌਰ ਬੀ.ਐਲ.ਓ ਡਿਊਟੀ ਨਿਭਾ ਰਹੇ ਹਨ, ਨੂੰ ਰਾਸ਼ਟਰੀ ਵੋਟਰ ਦਿਵਸ 25 ਜਨਵਰੀ 2025 ਨੂੰ ਦਫਤਰੀ ਡਿਊਟੀ ਤੋ ਛੋਟ ਦਿੱਤੀ ਜਾਵੇ ਅਤੇ ਉਹਨਾ ਨੂੰ ਬੂਥਾਂ ਤੇ ਹਾਜ਼ਰ ਹੋਣ ਲਈ ਪਾਬੰਦ ਕੀਤਾ ਜਾਵੇ।

ਚੋਣਕਾਰ ਰਜਿਸਟ੍ਰੇਸ਼ਨ ਅਫਸਰ,
093- ਬਠਿੰਡਾ ਦਿਹਾਤੀ।

Scanned with CamScanner

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ :ਜੀ-1/1 ( )2025/ 1083 ਮਿਤੀ: 16.01.25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਆਪ ਜੀ ਦੇ ਸਕੂਲ ਦੇ ਕਰਮਚਾਰੀ ਜੋ 093 ਦਿਹਾਤੀ ਵਿਖੇ ਬਤੌਰ ਸੁਪਰਵਾਈਜ਼ਰ/ਬੀ.ਐਲ.ਓ ਡਿਊਟੀ ਨਿਭਾ ਰਹੇ ਹਨ, ਨੂੰ ਉਕਤ ਪੱਤਰ ਅਨੁਸਾਰ ਲਗਾਈ ਗਈ ਡਿਊਟੀ ਤੇ ਹਾਜ਼ਰ ਹੋਣ ਲਈ ਪਾਬੰਦ ਕੀਤਾ ਜਾਵੇ ।

16/01/25

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

# ਵੋਟਰ ਪ੍ਰਣ

ਅਸੀਂ, ਭਾਰਤ ਦੇ ਨਾਗਰਿਕ ਲੋਕਤੰਤਰ
ਵਿੱਚ ਪੂਰਾ ਵਿਸ਼ਵਾਸ ਰੱਖਦੇ ਹੋਏ ਇਹ ਪ੍ਰਣ
ਕਰਦੇ ਹਾਂ ਕਿ ਅਸੀਂ ਆਪਣੇ ਦੇਸ਼ ਦੀਆਂ
ਲੋਕਤੰਤਰੀ ਪਰੰਪਰਾਵਾਂ ਕਾਇਮ ਰੱਖਾਂਗੇ
ਅਤੇ ਸੁਤੰਤਰ, ਨਿਰਪੱਖ ਅਤੇ ਸ਼ਾਂਤੀਮਈ
ਚੋਣਾਂ ਦੇ ਮਾਣ ਬਰਕਰਾਰ ਰੱਖਦੇ ਹੋਏ,
ਨਿਡਰ ਹੋ ਕੇ, ਧਰਮ, ਵਰਗ, ਜਾਤੀ,
ਭਾਈਚਾਰੇ, ਭਾਸ਼ਾ ਜਾਂ ਹੋਰ ਕਿਸੇ ਵੀ ਲਾਲਚ
ਦੇ ਪ੍ਰਭਾਵ ਤੋਂ ਬਿਨਾਂ ਸਾਰੀਆਂ ਚੋਣਾਂ
ਵਿਚ ਆਪਣੇ ਵੋਟ ਦੇ ਹੱਕ
ਦੀ ਵਰਤੋਂ ਕਰਾਂਗੇ।